# ਹੈਂਡੀਡਾਰਟ ਅਤੇ ਹੈਂਡੀਕਾਰਡ: ਸੌਖੇ ਫਾਰਮ ਬਾਰੇ ਹਿਦਾਇਤਾਂ

# HandyDART & HandyCard: Simplified Form Instructions

## ਹੈਂਡੀਡਾਰਟ ਕੀ ਹੈ?

ਹੈਂਡੀਡਾਰਟ ਘਰ ਘਰ ਜਾ ਕੇ ਰਾਈਡ ਦੇਣ ਵਾਲੀ ਇਕ ਸਰਕਾਰੀ ਸਰਵਿਸ ਹੈ ਜਿਹੜੀ ਡਿਸਏਬਿਲਟੀਜ਼ (ਅਪਾਹਜਤਾਵਾਂ) ਵਾਲੇ ਉਨ੍ਹਾਂ ਮੁਸਾਫਰਾਂ ਨੂੰ ਲਿਜਾਣ ਲਈ ਖਾਸ ਸਾਜ਼-ਸਾਮਾਨ ਵਾਲੀਆਂ ਗੱਡੀਆਂ ਦੀ ਵਰਤੋਂ ਕਰਦੀ ਹੈ ਜਿਹੜੇ ਮਦਦ ਤੋਂ ਬਿਨਾਂ ਬੱਸਾਂ ਗੱਡੀਆਂ ਦੀ ਆਮ ਸਰਕਾਰੀ ਸਰਵਿਸ ਵਰਤਣ ਦੇ ਅਯੋਗ ਹਨ। ਡਰਾਈਵਰ ਤੁਹਾਡੇ ਘਰ ਆਵੇਗਾ, ਗੱਡੀ ਵਿਚ ਚੜ੍ਹਨ ਵਿਚ ਤੁਹਾਡੀ ਮਦਦ ਕਰੇਗਾ ਅਤੇ ਤੁਹਾਨੂੰ ਸੁਰੱਖਿਅਤ ਤਰੀਕੇ ਨਾਲ ਆਪਣੇ ਟਿਕਾਣੇ ਦੇ ਦਰਵਾਜ਼ੇ 'ਤੇ ਲੈ ਕੇ ਜਾਵੇਗਾ।

## ਕੀ ਮੈਂ ਹੱਕਦਾਰ ਹਾਂ?

ਜੇ ਤੁਹਾਨੂੰ ਕੋਈ ਸਰੀਰਕ, ਬੁੱਧੀ, ਜਾਂ ਗਿਆਨ ਨਾਲ ਸੰਬਧਿਤ ਡਿਸਏਬਿਲਟੀ ਹੈ ਅਤੇ ਤੁਸੀਂ ਮਦਦ ਤੋਂ ਬਿਨਾਂ ਬੱਸਾਂ ਗੱਡੀਆਂ ਦੇ ਰਵਾਇਤੀ ਸਰਕਾਰੀ ਸਿਸਟਮ ਦੀ ਵਰਤੋਂ ਕਰਨ ਦੇ ਅਸਮਰੱਥ ਹੋ ਤਾਂ ਤੁਸੀਂ ਹੈਂਡੀਡਾਰਟ ਦੀ ਵਰਤੋਂ ਕਰਨ ਦੇ ਯੋਗ ਹੋ ਸਕਦੇ ਹੋ। ਹੈਂਡੀਡਾਰਟ ਲਾਇਨਜ਼ ਬੇਅ ਤੋਂ ਲੈ ਕੇ ਐਲਡਰਗਰੋਵ ਤੱਕ ਅਤੇ ਇਨ੍ਹਾਂ ਦੇ ਵਿਚਕਾਰ ਸਾਰੇ ਇਲਾਕਿਆਂ ਵਿਚ ਕਲਾਇੰਟਾਂ ਦੀ ਸੇਵਾ ਕਰਦੀ ਹੈ (ਬਰਨਬੀ, ਡੈਲਟਾ, ਫਰੇਜ਼ਰ ਨੌਰਥਵੈੱਸਟ, ਲੈਂਗਲੀ, ਰਿਜ ਮਿਡੋਜ਼, ਸਰੀ ਨੌਰਥ ਡੈਲਟਾ, ਵਾਈਟਰੌਕ)। *ਹੈਂਡੀਡਾਰਟ ਬੀ ਸੀ ਟ੍ਰਾਂਜ਼ਿਟ ਥੱਲੇ ਐਬਟਸਫੋਰਡ, ਮਿਸ਼ਨ, ਅਤੇ ਚਿਲੀਵੈਕ ਨੂੰ ਸਰਵਿਸ ਦਿੰਦੀ ਹੈ। ਜ਼ਿਆਦਾ ਜਾਣਕਾਰੀ ਜਾਂ ਉਨ੍ਹਾਂ ਦਾ ਫਾਰਮ ਲੈਣ ਲਈ* www.bctransit.com *'ਤੇ ਜਾਉ।*

## ਹੈਂਡੀਡਾਰਟ ਲਈ ਅਪਲਾਈ ਕਿਵੇਂ ਕਰਨਾ ਹੈ?

ਅਪਲਾਈ ਕਰਨ ਦੀ ਕੋਈ ਫੀਸ ਨਹੀਂ ਹੈ। ਕਸਟਮਰ ਕੇਅਰ ਆਫਿਸ ਨਾਲ **604-953-3680*** 'ਤੇ ਸੰਪਰਕ ਕਰੋ, ਜਾਂ ਉਨ੍ਹਾਂ ਦਾ ਅਰਜ਼ੀ ਫਾਰਮ ਛਾਪਣ ਅਤੇ ਭਰਨ ਲਈ www.translink.ca/HandyDART 'ਤੇ ਉਨ੍ਹਾਂ ਦੇ ਵੈੱਬਸਾਈਟ 'ਤੇ ਜਾਉ।

ਅਪਲਾਈ ਕਰਨ ਲਈ, ਕਿਰਪਾ ਕਰਕੇ ਇਹ ਪੱਕਾ ਕਰੋ ਕਿ ਤੁਹਾਡੇ ਕੋਲ ਆਪਣੀ ਸਾਰੀ ਨਿੱਜੀ ਜਾਣਕਾਰੀ ਹੈ, ਜਿਸ ਵਿਚ ਜਨਮ ਦੀ ਤਾਰੀਕ, ਘਰ ਦਾ ਐਡਰੈਸ, ਡਾਕਟਰ ਦਾ ਨਾਂ, ਅਤੇ ਫੋਨ ਨੰਬਰ ਸ਼ਾਮਲ ਹਨ, ਅਤੇ ਇਸ ਦੇ ਨਾਲ ਨਾਲ ਕੋਈ ਵੀ ਉਹ ਖਾਸ ਮੈਡੀਕਲ ਤੱਥ ਹਨ ਜਿਹੜੇ ਸਰਕਾਰੀ ਬੱਸਾਂ ਗੱਡੀਆਂ ਦੀ ਵਰਤੋਂ ਕਰਨ ਦੀ ਤੁਹਾਡੀ ਸਮਰੱਥਾ 'ਤੇ ਅਸਰ ਪਾ ਸਕਦੇ ਹਨ।

## ਹੈਂਡੀਡਾਰਟ ਅਤੇ ਹੈਂਡੀਕਾਰਡ ਵਿਚ ਕੀ ਫਰਕ ਹੈ?

ਹੈਂਡੀਡਾਰਟ ਘਰ ਘਰ ਜਾ ਕੇ ਰਾਈਡ ਦੇਣ ਵਾਲੀ ਇਕ ਸਰਕਾਰੀ ਸਰਵਿਸ ਹੈ ਜਿਹੜੀ ਅਰਜ਼ੀਕਰਤਾ ਨੂੰ ਇਕ ਬੁਕਿੰਗ ਆਈ ਡੀ ਦਿੰਦੀ ਹੈ ਜਿਸ ਦੀ ਵਰਤੋਂ ਸਵਾਰੀ ਲਈ ਫੋਨ 'ਤੇ ਹੈਂਡੀਡਾਰਟ ਗੱਡੀ ਬੁੱਕ ਕਰਨ ਲਈ ਕੀਤੀ ਜਾਂਦੀ ਹੈ। ਹੈਂਡੀਕਾਰਡ ਫੋਟੋ ਵਾਲਾ ਇਕ ਪਛਾਣ ਕਾਰਡ ਹੈ ਜਿਹੜਾ ਕਾਰਡ ਵਾਲੇ ਵਿਅਕਤੀ ਨੂੰ ਬੱਸਾਂ ਗੱਡੀਆਂ ਦੀ ਆਮ ਸਰਵਿਸ (ਟ੍ਰਾਂਸਲਿੰਕ ਦੀਆਂ ਬੱਸਾਂ, ਸਕਾਈਟ੍ਰੇਨਾਂ, ਸੀਅਬੱਸ, ਅਤੇ ਵੈੱਸਟ ਕੋਸਟ ਐਕਸਪ੍ਰੈੱਸ) 'ਤੇ ਰਿਆਇਤੀ ਕਿਰਾਏ ਦਾ ਹੱਕਦਾਰ ਬਣਾਉਂਦਾ ਹੈ ਅਤੇ ਮਦਦ ਕਰਨ ਵਾਲਾ ਵਿਅਕਤੀ ਮੁਫਤ ਸਫਰ ਕਰਦਾ ਹੈ।

## ਜੇ ਅਰਜ਼ੀ ਫਾਰਮ ਭਰਨ ਵਿਚ ਮੈਨੂੰ ਮਦਦ ਦੀ ਲੋੜ ਹੋਵੇ ਤਾਂ ਕੀ ਕਰਨਾ ਹੈ?

i. ਕੋਈ ਅਜਿਹਾ ਵਿਅਕਤੀ ਲੱਭੋ (ਪਰਿਵਾਰ ਦਾ ਕੋਈ ਮੈਂਬਰ, ਗੁਆਂਢੀ, ਭਾਈਚਾਰੇ ਦਾ ਮੈਂਬਰ) ਜਿਸ ਕੋਲ ਤੁਹਾਡੇ ਲਈ ਅਰਜ਼ੀ ਫਾਰਮ ਭਰਨ ਦਾ ਸਮਾਂ ਹੋਵੇ ਅਤੇ ਬੋਲੀ ਦੇ ਹੁਨਰ ਹੋਣ।

ii. ਅਰਜ਼ੀ ਫਾਰਮ ਭਰਨ ਵਿਚ ਮਦਦ ਲਈ **604-575-6600** 'ਤੇ ਫੋਨ ਕਰੋ।*

iii. ਆਪਣੇ ਡਾਕਟਰ ਨਾਲ ਸੰਪਰਕ ਕਰੋ ਅਤੇ ਪੁੱਛੋ ਕਿ ਤੁਹਾਡੀ ਅਗਲੀ ਅਪੌਇੰਟਮੈਂਟ ਦੌਰਾਨ ਕੀ ਉਹ ਤੁਹਾਡੇ ਨਾਲ ਅਰਜ਼ੀ ਫਾਰਮ ਭਰੇਗਾ।

## ਮੈਂ ਅਰਜ਼ੀ ਫਾਰਮ ਕਿਵੇਂ ਭਰਨਾ ਹੈ? (ਕਦਮ-ਦਰ-ਕਦਮ)


[1] ਪਹਿਲਾ ਭਾਗ ਤੁਹਾਨੂੰ ਇਕ ਜਾਂ ਦੋਨੋਂ ਪ੍ਰੋਗਰਾਮ ਸਲੈਕਟ ਕਰਨ ਲਈ ਕਹਿੰਦਾ ਹੈ:

a. ਹੈਂਡੀਡਾਰਟ: ਅਰਜ਼ੀ ਲਈ ਫੋਟੋਆਂ ਦੀ ਲੋੜ ਨਹੀਂ ਹੈ। ਅਰਜ਼ੀ 'ਤੇ ਕਾਰਵਾਈ ਹੋ ਜਾਣ ਤੋਂ ਬਾਅਦ, ਅਰਜ਼ੀਕਰਤਾ ਨੂੰ ਇਕ **ਬੁਕਿੰਗ ਆਈ ਡੀ** ਮਿਲਦੀ ਹੈ।

**ਅਗਲਾ ਸਫਾ ਦੇਖੋ ->**

*** ਟ੍ਰਾਂਸਲਿੰਕ ਦੀਆਂ ਸਾਰੀਆਂ ਸੇਵਾਵਾਂ ਸਿਰਫ ਅੰਗਰੇਜ਼ੀ ਵਿਚ ਦਿੱਤੀਆਂ ਜਾਂਦੀਆਂ ਹਨ, ਇਸ ਕਰਕੇ ਜੇ ਤੁਹਾਨੂੰ ਅੰਗਰੇਜ਼ੀ ਵਿਚ ਦਿੱਤੀਆਂ ਗਈਆਂ ਹਿਦਾਇਤਾਂ ਦੇ ਸਬੰਧ ਵਿਚ ਮਦਦ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਆਪਣੇ ਅਨੁਵਾਦਕ ਨਾਲ ਤਿਆਰ ਰਹੋ।**

b. ਹੈਂਡੀਕਾਰਡ: ਦੋ ਤਾਜ਼ਾ ਫੋਟੋਆਂ ਦੀ ਲੋੜ ਹੈ ਜੋ ਅਰਜ਼ੀ ਨਾਲ ਲੱਗੀਆਂ ਹੋਣ (ਸਟੇਪਲਾਂ ਤੋਂ ਬਿਨਾਂ) ਜਾਂ ਇਕ ਡਿਜ਼ੀਟਲ ਫੋਟੋ ਜੋ ਕਿ ਅਰਜ਼ੀ ਨਾਲ ਈਮੇਲ ਕੀਤੀ ਜਾਣੀ ਹੈ। ਇਨ੍ਹਾਂ ਫੋਟੋਆਂ ਦੀ ਵਰਤੋਂ **ਫੋਟੋ ਆਈ ਡੀ** ਕਾਰਡ ਬਣਾਉਣ ਲਈ ਕੀਤੀ ਜਾਂਦੀ ਹੈ।




c. ਬਣੀ ਹੋਈ ਫੋਟੋ ਦਾ ਸਾਈਜ਼: *3.2 ਸੈਂਟੀਮੀਟਰ x 3.2 ਸੈਂਟੀਮੀਟਰ ਜਾਂ 1.25 ਇੰਚ x1.25 ਇੰਚ* ਦੀ ਹੋਣੀ ਜ਼ਰੂਰੀ ਹੈ।

d. ਡਿਜ਼ੀਟਲ ਫੋਟੋ ਦਾ ਸਾਈਜ਼: ਘੱਟੋ ਘੱਟ *300 ਡੀ ਪੀ ਆਈ* ਦੀ ਹੋਣੀ ਜ਼ਰੂਰੀ ਹੈ। ਜੇ ਪੀ ਈ ਜੀ, ਟੀ ਆਈ ਐੱਫ ਐੱਫ, ਅਤੇ ਜੀ ਆਈ ਐੱਫ ਫੋਟੋ ਫੌਰਮੈਟ ਪ੍ਰਵਾਨ ਕੀਤੇ ਜਾਂਦੇ ਹਨ।

[2] ਫਾਰਮ ਦੇ ਦੂਜੇ ਭਾਗ ਵਿਚ ਅਰਜ਼ੀਕਰਤਾ ਦੀ ਜਾਣਕਾਰੀ ਦੀ ਲੋੜ ਹੈ ਜਿਵੇਂ ਕਿ: ਨਾਂ, ਜਨਮ ਦੀ ਤਾਰੀਕ, ਐਡਰੈਸ, ਫੋਨ ਨੰਬਰ, ਕੇਅਰ ਹੋਮ ਦਾ ਨਾਂ (ਜੇ ਲਾਗੂ ਹੁੰਦਾ ਹੋਵੇ)।

[3] ਦੂਜਾ ਭਾਗ ਦੂਜੇ ਸਫੇ 'ਤੇ ਜਾਰੀ ਰਹਿੰਦਾ ਹੈ, ਜਿਹੜਾ ਐਮਰਜੰਸੀ ਵਿਚ ਸੰਪਰਕ ਕੀਤੇ ਜਾਣ ਲਈ ਜਾਣਕਾਰੀ ਮੰਗਦਾ ਹੈ (ਨਾਂ, ਫੋਨ ਨੰਬਰ, ਰਿਸ਼ਤਾ)। ਇਹ ਤੁਹਾਡੇ ਤੋਂ ਇਹ ਜਾਣਕਾਰੀ ਪੁੱਛਦਾ ਹੈ ਕਿ ਕੀ ਤੁਹਾਨੂੰ ਸਦਾ ਆਪਣੀ ਸਹਾਇਤਾ ਲਈ ਮਦਦ ਕਰਨ ਵਾਲੇ ਦੀ ਲੋੜ ਪੈਂਦੀ ਹੈ ਅਤੇ ਕਿਹੜੀ ਚੀਜ਼ ਤੁਹਾਨੂੰ ਬੱਸਾਂ ਗੱਡੀਆਂ ਦਾ ਆਮ ਸਿਸਟਮ ਵਰਤਣ ਤੋਂ ਰੋਕ ਰਹੀ ਹੈ। ਫਾਰਮ ਇਹ ਜਾਣਕਾਰੀ ਵੀ ਮੰਗਦਾ ਹੈ ਕਿ ਸਫਰ ਕਰਨ ਵੇਲੇ ਤੁਸੀਂ ਤੁਰਨ ਫਿਰਨ ਵਿਚ ਮਦਦ ਕਰਨ ਵਾਲੇ ਕਿਹੜੇ ਸਾਧਨ ਵਰਤਦੇ ਹੋ ਅਤੇ ਇਨ੍ਹਾਂ ਦਾ ਸਾਈਜ਼ ਕੀ ਹੈ (ਜਿਵੇਂ ਉਚਾਈ, ਭਾਰ, ਚੌੜਾਈ)।

[4] ਤੀਜੇ ਭਾਗ ਵਿਚ ਅਰਜ਼ੀਕਰਤਾ ਦੇ ਦਸਖਤਾਂ ਦੀ ਲੋੜ ਹੁੰਦੀ ਹੈ ਜਿਹੜਾ ਇਹ ਕਹਿੰਦਾ ਹੈ ਕਿ ਉਸ ਨੇ ਅਰਜ਼ੀ ਫਾਰਮ ਭਰਨ ਦਾ ਫੈਸਲਾ ਕੀਤਾ ਹੈ। ਜੇ ਅਰਜ਼ੀਕਰਤਾ ਸਰੀਰਕ ਤੌਰ 'ਤੇ ਫਾਰਮ ਉੱਪਰ ਦਸਖਤ ਕਰਨ ਦੇ ਅਯੋਗ ਹੋਵੇ ਤਾਂ ਉਸ ਨੂੰ ਫਾਰਮ ਬਾਰੇ ਸਮਝਾਉਣ ਵਾਲਾ ਵਿਅਕਤੀ ਦਸਖਤ ਕਰ ਸਕਦਾ ਹੈ ਅਤੇ ਇਹ ਲਿਖ ਸਕਦਾ ਹੈ ਕਿ ਅਰਜ਼ੀਕਰਤਾ ਤੋਂ ਸਹਿਮਤੀ ਕਿਵੇਂ ਲਈ ਗਈ ਹੈ (ਸਿਰ ਹਿਲਾ ਕੇ, ਇਸ਼ਾਰੇ ਨਾਲ ਆਦਿ)। ਜੇ ਅਰਜ਼ੀਕਰਤਾ ਕੋਲ ਫੈਸਲਾ ਕਰਨ ਦੀ ਦਿਮਾਗੀ ਸਮਰੱਥਾ ਨਾ ਹੋਵੇ ਤਾਂ ਲੀਗਲ ਗਾਰਡੀਅਨ ਅਰਜ਼ੀਕਰਤਾ ਦੀ ਤਰਫੋਂ ਫਾਰਮ 'ਤੇ ਦਸਖਤ ਕਰ ਸਕਦਾ ਹੈ ਅਤੇ ਦਸਖਤਾਂ ਦੇ ਨਾਲ ਇਸ ਦਾ ਨੋਟ ਲਿਖ ਸਕਦਾ ਹੈ।

[5] ਚੌਥਾ ਭਾਗ ਅਰਜ਼ੀਕਰਤਾ ਦੇ ਫੈਮਿਲੀ ਡਾਕਟਰ ਜਾਂ ਮੈਡੀਕਲ ਅਥਾਰਟੀ ਵਲੋਂ ਭਰਿਆ ਜਾਣਾ ਹੈ।

[6] ਭੇਜਣ ਤੋਂ ਪਹਿਲਾਂ ਸਾਰੇ ਫਾਰਮਾਂ ਨੂੰ **ਮੁਕੰਮਲ ਕਰਨਾ** ਅਤੇ ਇਨ੍ਹਾਂ 'ਤੇ **ਦਸਖਤ** ਕਰਨਾ ਜ਼ਰੂਰੀ ਹੈ, ਨਹੀਂ ਤਾਂ ਇਹ ਵਾਪਸ ਕਰ ਦਿੱਤੇ ਜਾਣਗੇ। ਅਰਜ਼ੀ ਫਾਰਮ ਨੂੰ ਦਰਜ ਕਰਵਾਉਣ ਦੇ ਸੰਭਵ ਤਰੀਕੇ ਹਨ:

a. ਅਰਜ਼ੀ ਇਸ ਐਡਰੈਸ 'ਤੇ ਡਾਕ ਰਾਹੀਂ ਭੇਜੋ:
Access Transit Department
700-287 Nelsons Court, New Westminster, BC, V3L 0E7

b. ਅਰਜ਼ੀ ਇੱਥੇ ਈਮੇਲ ਕਰੋ:accesstransit.registration@coastmountanbus.com

[7] ਹੈਂਡੀਡਾਰਟ ਲਈ ਅਰਜ਼ੀ 'ਤੇ ਅਮਲ ਕਰਨ ਨੂੰ 5-10 ਦਿਨ ਲੱਗਦੇ ਹਨ। ਹੈਂਡੀਕਾਰਡ 'ਤੇ ਅਮਲ ਕਰਨ ਨੂੰ 4-6 ਹਫਤੇ ਲੱਗਦੇ ਹਨ।

**ਹੋਰ ਜਾਣਕਾਰੀ ਲਈ 604-953-3680* 'ਤੇ ਸੰਪਰਕ ਕਰੋ ਜਾਂ www.translink.ca/HandyDART 'ਤੇ ਜਾਉ।**

*** ਟ੍ਰਾਂਸਲਿੰਕ ਦੀਆਂ ਸਾਰੀਆਂ ਸੇਵਾਵਾਂ ਸਿਰਫ ਅੰਗਰੇਜ਼ੀ ਵਿਚ ਦਿੱਤੀਆਂ ਜਾਂਦੀਆਂ ਹਨ, ਇਸ ਕਰਕੇ ਜੇ ਤੁਹਾਨੂੰ ਅੰਗਰੇਜ਼ੀ ਵਿਚ ਦਿੱਤੀਆਂ ਗਈਆਂ ਹਿਦਾਇਤਾਂ ਦੇ ਸਬੰਧ ਵਿਚ ਮਦਦ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਆਪਣੇ ਅਨੁਵਾਦਕ ਨਾਲ ਤਿਆਰ ਰਹੋ।**